१ओंकार सतिगुर प्रसादि ॥

# ਜਲਿਆਂਵਾਲਾ ਬਾਗ
# ਹੱਤਿਆ ਕਾਂਡ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ : ਜਸਬੀਰ ਸਿੰਘ Ph. : (0172-2696891), 09988160484

Type Setting : Radheshyam Choudhary
098149-66882

Download Free

# ਜਲਿਆਂਵਾਲਾ ਬਾਗ ਹੱਤਿਆ ਕਾਂਡ

ਜਲਿਆਂਵਾਲਾ ਹੱਤਿਆਂ ਕਾਂਡ (13 ਅਪ੍ਰੈਲ, 19119) ਗਾਂਧੀ ਜੀ ਨੇ ਰੋਲਟ ਏਕਟ ਦੇ ਵਿਰੁੱਧ 'ਸਤਿਆਗ੍ਰਹ' ਪਾਰੰਭ ਕਰਨੇ ਦਾ ਫੈਸਲਾ ਲਿਅ ਗਿਆ। 6 ਅਪ੍ਰੈਲ, 1919 ਨੂੰ ਸਾਰੇ ਦੇਸ ਵਿਚ ਸਾਂਤੀ ਪੂਰਵਕ ਹੜਤਾਲ ਹਾਈ। ਸਰਕਾਰ ਨੇ ਦਮਨ ਚੱਕਰ ਆਰੰਭ ਕਰਦੇ ਹੋਏ 7 ਅਪ੍ਰੈਲ ਨੂੰ ਗਾਂਧੀ ਜੀ ਨੂੰ ਗਿਰਫਤਾਰ ਕਰ ਲਿਆ। ਪੰਜਾਬ ਵਿਚ ਬ੍ਰਿਟਿਸ਼ ਸਰਕਾਰ ਦਾ ਵਿਰੋਧ ਕਰਨ ਦੇ ਲਏ ਖਾਸ ਉਤਸ਼ਾਹ ਸੀ। 1● ਅਪ੍ਰੈਲ ਨੂੰ ਸਵੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਕਿਸੇ ਕਾਰਣ ਕਰ ਦੇ ਪੰਜਾਬ ਦੇ ਦੋ ਪ੍ਰਸਿੱਧ ਲੀਡਰਾਂ ਸਤਿਪਾਲ ਅਤੇ ਡਾ. ਕਿਚਲੁ ਨੂੰ ਧਰਮਸ਼ਾਲਾ ਨਗਰ ਵਿਚ ਨਜ਼ਰਬੰਦ ਕਰਕੇ ਅਮ੍ਰਿਤਸਰ ਤੋਂ ਬਾਹਰ ਭੇਜਣ ਦੇ ਹੁਕਮ ਕਰ ਦਿੱਤੇ। ਜਨਤਾ ਨੇ ਇਸ ਗਲ ਦਾ ਵਿਰੋਧ ਕੀਤਾ ਅਤੇ ਸਥਿਤੀ ਤਨਾਪੂਰਣ ਹੋ ਗਈ। ਰੋਲਟ ਏਕਟ ਅਤੇ ਇਨ੍ਹਾਂ ਕੰਮਾਂ ਦਾ ਵਿਰੋਧ ਕਰਨ ਦੇ ਲਈ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਜਲਿਆਵਾਲਾ ਬਾਗ ਵਿਚ ਇੱਕ ਸਾਂਝੀ ਸਭਾ ਬੁਲਾਈ ਗਈ। ਇਸ ਸਭਾ ਵਿਚ ਫੌਜ਼ੀ ਹੁਕਮਰਾਨ ਜਨਰਲ ਡਾਇਰ ਨੇ ਬਿਨ੍ਹਾਂ ਕਿਸੇ ਕਾਰਣ ਨਿਹਥੇ, ਸਾਂਤਮਈ ਜਲਸਾ ਕਰਣ ਵਾਲਿਆ ਤੇ ਅੰਧਾਧੁੰਦ ਗੋਲੀਆਂ ਦੀ ਵਰਖਾ ਕਰਵਾ ਦਿੱਤੀ। ਜਿਸ ਦੇ ਸਿੱਟੇ ਵਜੋਂ ਉੱਥੇ ਘੱਟੋ-ਘੱਟ 8●● ਬੰਦੇ ਮਾਰ ਗਏ ਅਤੇ 2●●● ਦੇ ਲਗਭਗ ਘਾਇਲ ਹੋਏ। ਇਸ ਹੱਤਿਆਂ ਕਾਂਡ ਦਾ ਭਾਰਤੀ ਜਨਤਾ ਤੇ ਬਹੁਤ ਬੁਰਾ ਪ੍ਰਭਾਵ ਪਾਇਆ। ਇਸ ਤੋਂ ਬਾਦ ਵੀ ਫੌਜ਼ੀ ਹੁਕਮਰਾਨਾਂ ਨੇ ਪੰਜਾਬੀ ਜਨਤਾ ਨੂੰ ਡਰਾਉਣ ਲਈ ਕਦੀ ਅੜ ਮਨੁੱਖੀ ਅਤਿਆਚਾਰ ਕੀਤੇ। ਗਵਰਨਰ ਜਨਰਲ ਦੀ ਕਮੇਟੀ ਦੇ ਭਾਰਤੀ ਮੈਂਬਰ ਸੰਕਰਨ ਨਾਇਰ ਨੇ ਲਗਾਤਾਰ ਮਾਰਸ਼ਲ ਲਾਹ ਲਗਾ ਰੱਖਣ ਦੇ ਵਿਰੁੱਧ ਆਪਣਾ ਵਿਰੋਧ ਪ੍ਰਗਟ ਕਰਦੇ ਹੋਏ ਆਪਣੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਦੇ ਦਿੱਤਾ। ਇਸੀ ਤਰ੍ਹਾਂ ਕਵੀ ਰਵਿੰਦਰਨਾਥ ਠਾਕੁਰ ਨੇ ਆਪਣਾ 'ਸਰ' ਦਾ ਖਿਤਾਬ ਮੋੜ ਦਿੱਤਾ।

ਹੰਟਰ ਕਮੇਟੀ ਦੀ ਰਿਪੋਰਟ :- ਜਲਿਆਂਵਾਲਾ ਹੱਤਿਆ ਕਾਂਡ ਦੀ ਜਾਂਚ ਕਰਨ ਦੇ ਲਈ ਸਰਕਾਰ ਨੇ ਇੱਕ ਕਮੇਟੀ ਬਿਠਾਈ, ਜਿਸ ਦੇ ਸਰਪ੍ਰਸਤੀ ਲਾਰਡ ਹੰਟਰ ਕਰ ਰਿਹਾ ਸੀ। ਕਾਂਗਰਸ ਪਾਰਟੀ ਨੇ ਵੀ ਤੱਥਾ ਦੀ ਪੜਤਾਲ ਲਈ ਇੱਕ ਕਮੇਟੀ ਬਣਾਈ ਜਿਸ ਦੀ ਪੈਰਵੀ ਪੰਡਿਤ ਮੋਤੀ ਲਾਲ ਨਹਿਰੂ ਅਤੇ ਮਦਨ ਮੋਹਨ ਮਾਲਵੀਏ ਜੀ ਸਨ। ਹੰਟਰ ਕਮੇਟੀ ਨੇ ਮਾਰਚ, 1920 ਵਿੱਚ ਰਿਪੋਰਟ ਦਿੱਤੀ ਜਿਸ ਵਿਚ ਸਾਰੇ ਕਾਂਡ ਤੇ ਲੀਪਾ-ਮੋਤੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਗਈ ਸੀ ਮਾਇਕੇਲ ਓਡਾਇਰ ਨੂੰ ਕੋਈ ਸਜਾ ਨਹੀਂ ਦਿੱਤੀ ਗਈ। ਰਿਪੋਰਟ ਵਿਚ ਜਨਰਲ ਡਾਇਰ ਦੇ ਕੰਮਾਂ ਨੂੰ 'ਫਰਜ ਦੀ ਜਰੂਰਤ ਦਰਸਾਇਆ ਗਿਆ ਸੀ' ਪਰ ਗਲਤ ਧਾਰਣਾ ਅਤੇ ਗਲਤ ਵਿਧੀ ਦਰਸਾਇਆ ਗਿਆ ਸੀ। ਜਨਰਲ ਡਾਇ ਨੂੰ "ਗਲਤ ਫੈਸਲਾ" ਲੈਣ ਨੂੰ ਆਧਾਰ ਮੰਨ ਕੇ ਨੌਕਰੀ ਤੋਂ ਹਟਾ ਦਿੱਤਾ ਗਿਆ। ਉਨ੍ਹੀ ਦਿਨੀ ਭਾਰਤੀ ਮੈਂਬਰਾਂ ਨੇ ਇੱਕ ਅਲੱਗ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਵਿਚ ਜਨਰਲ ਡਾਇਰ ਦੇ ਦੁਸ਼ਟਤਾ ਪੂਰਤ ਕਰਮਾਂ ਨੂੰ ਸਖ਼ਤ ਸ਼ਬਦਾਂ ਵਿੱਚ ਭੰਡਿਆ ਗਿਆ ਸੀ।

ਬ੍ਰਿਟਿਸ਼ ਲਾਰਡ ਸਭਾ ਨੇ ਜਨਰਲ ਡਾਇਰ ਨੂੰ ਬ੍ਰਿਟਿਸ਼ ਸਾਮਰਾਜ ਦਾ ਸ਼ੇਰ ਕਹਿਆ ਅਤੇ ਆਂਚਲ ਪ੍ਰੈਸ ਨੇ ਬ੍ਰਿਸ਼ਿ ਰਾਜ ਦਾ ਰਖਿਅਕ'। ਬ੍ਰਿਟੇਨ ਵਿਚ ਉਸ ਦੇ ਪ੍ਰਸ਼ੰਸਕਾਂ ਨੇ ਉਸਨੂੰ ਇੱਕ ਤਲਵਾਰ ਅਤੇ 20 ਹਜ਼ਾਰ ਪੌਡਾਂ ਦੀ ਥੈਲੀ ਭੇਂਟ ਕੀਤੀ। ਇਹ ਸਭ ਕੁਕਰਮ ਭਾਰਤ ਵਾਸੀਆਂ ਦੇ ਜ਼ਖਮਾਂ ਤੇ ਨਮਕ ਛਿੜਕਣਾ ਸੀ। ਇਸ ਤਰ੍ਹਾਂ ਉਦਾਰਵਾਦੀ ਭਾਰਤੀ ਨੂੰ ਅਸਹੈ ਦਰਦ ਦਿੱਤਾ ਗਿਆ।

ਸਨ 1919 ਈਸਵੀ ਦੀ ਵਿਸਾਖੀ ਨੂੰ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਵਿੱਚ ਪੂਰਣ ਸ਼ਾਂਤੀ ਨਾਲ ਚਲਾਏ ਜਾ ਰਹੇ ਸਤਿਆਗ੍ਰਹਿਆਂ ਤੇ ਹਜਾਰਾਂ ਗੋਲੀਆਂ ਚਲਾਈਆਂ ਗਈਆਂ ਅਤੇ ਨਤੀਜੇ ਵਜੋਂ 800 ਮਨੁੱਖਾਂ ਦੀ ਮੌਤ ਉਸੀ ਥਾਂ ਹੋ ਗਈ। ਇਸ ਤੋਂ ਬਾਅਦ ਪੰਜਾਬ ਵਿਚ ਕੁਝ ਥਾਵਾਂ ਤੇ ਫਸਾਦ ਹੋਏ। ਇਸ ਨਤੀਜੇ ਵਜੋਂ ਸਰਕਾਰ ਨੇ ਕਈ ਤਰ੍ਹਾਂ ਦੀਆਂ ਸਖਤੀਆਂ ਕੀਤੀਆਂ, ਜਿਸ ਤਰ੍ਹਾਂਮਾਰਸ਼ਲ ਲਾ ਲਗਾਉਣਾ, ਕਾਰਜ ਕਰਤਿਆਂ ਨੂੰ ਲੰਬੀਆਂ ਕੈਦਾਂ ਅਤੇ ਮੌਤ ਦੀਆਂ ਸਜਾਵਾਂ। ਕਸੂਰ ਨਗਰ ਵਿਚ ਬਹੁਤ ਸਖਤੀਆਂ ਹੋਈਆਂ, ਗੁਜਰਾਂਵਾਲੇ ਖੇਤਰ ਵਿਚ ਹਵਾਈ ਜਹਾਜਾਂ ਨਾਲ ਬੰਬਾਂ ਦੀ ਵਰਖਾ


ਕੀਤੀ ਗਈ। ਅੰਮ੍ਰਿਤਸਰ ਨਗਰ ਵਿਚ ਲੋਕਾਂ ਨੂੰ ਪੇਟ ਦੇ ਬਲ ਰੇਂਗ ਕੇ ਚਲਣ ਲਈ ਮਜਬੂਰ ਕਰਨਾ, ਬੈਂਤ ਮਾਰਨੇ ਦੀਸਜਾਵਾਂ। ਜਨਾਨਿਆਂ ਨੂੰ ਅਪਮਾਨੀਤ ਕੀਤਾ ਗਿਆ ਅਤੇ ਹੋਰ ਅਨੇਕਾਂ ਕਸ਼ਟ ਦੇ ਕੇ ਅਤਿਆਚਾਰ ਕੀਤੇ ਗਏ। ਉਨ੍ਹਾਂ ਦਨਾਂ ਦੇ ਵਿਚ ਸਾਰੇ ਪੰਜਾਬ ਵਿੱਚ ਬਹੁਤ ਦਰਦਨਾਕ ਹਾਲਾਤ ਸਨ। ਇਸ ਤਰ੍ਹਾਂ ਅਗਲੇ 6 ਸਾਲ ਵਿਚ ਅੰਮ੍ਰਿਤਸਰ ਨਗਰ ਅਕਾਲੀ ਲਹਿਰ ਦਾ ਗੜ ਬਣਦਾ ਚਲਾ ਗਿਆ ਅਤੇ ਸਿੱਖਾਂ ਵਿਚ ਏਕਤਾ-ਕੁਰਬਾਨੀ ਦਾ ਜਜ਼ਬਾ ਵੱਧਦਾ ਹੀ ਚਲਾ ਗਿਆ।


## ਲੇਖਕ : ਜਸਬੀਰ ਸਿੰਘ

**Ph. : (0172-2696891), 09988160484**


**ਸਮਾਪਤ**







**Download Free**